ਪ੍ਰੋਫੈਸਰ ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਪਟਿਆਲਾ
ਈ-ਮੇਲ :- gcpe_patiala@yahoo.in, ਫੋਨ ਨੰ. 0175-2228303

## ਕੁਟੇਸ਼ਨ ਨੋਟਿਸ

ਕੁਟੇਸ਼ਨ ਨੋਟਿਸ ਨੰ. PGSGCPE/2026/2081 ਮਿਤੀ:- 01/09/26

ਪ੍ਰਿੰਸੀਪਲ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਪਟਿਆਲਾ ਵੱਲੋਂ ਕਾਲਜ ਹੋਸਟਲ (ਲੜਕਿਆਂ) ਦੀ ਬਿਲਡਿੰਗ ਵਿੱਚ ਬਿਜਲੀ ਨਾਲ ਸਬੰਧਿਤ ਹੋਣ ਵਾਲਾ ਕੰਮ ਅਤੇ ਬਿਜਲੀ ਦਾ ਸਮਾਨ ਮੰਗਵਾਉਣ ਲਈ ਸੀਲਡ ਕੁਟੇਸ਼ਨ ਫਰਮਾਂ/ਏਜੰਸੀਆਂ/ਆਥੋਰਾਈਜ਼ਡ ਡੀਲਰਾਂ ਪਾਸੋਂ ਮੰਗੀਆਂ ਜਾਂਦੀਆਂ ਹਨ (ਕੁਟੇਸ਼ਨ ਦੇ ਲਿਫਾਫੇ ਉੱਪਰ ਕੰਮ ਦਾ ਵਿਸ਼ਾ ਦਰਜ ਕੀਤਾ ਜਾਵੇ)। ਇਹ ਕੁਟੇਸ਼ਨ ਇਸ ਕਾਲਜ ਵਿੱਚ ਮਿਤੀ 07.09.2026 ਨੂੰ ਦੁਪਹਿਰ 3.00 ਵਜੇ ਤੱਕ ਦਸਤੀ/ਪੋਸਟ/ਡਾਕ ਰਾਹੀਂ ਪ੍ਰਾਪਤ ਹੋਣੀਆਂ ਯਕੀਨੀ ਬਣਾਈਆਂ ਜਾਣ।

**Place of Delivery:** Prof. Gursewak Singh Government College of Physical Education, Patiala

- ਫਰਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀਆਂ ਕੁਟੇਸ਼ਨਾਂ ਇਸ ਕਾਲਜ ਵੱਲੋਂ ਜਾਰੀ ਕੀਤੇ ਕੁਟੇਸ਼ਨ ਨੋਟਿਸ ਵਿੱਚ ਦਰਜ ਕੰਮ ਦੇ ਅਨੁਸਾਰ ਕ੍ਰਮਵਾਰ ਲਿਖ ਕੇ ਭੇਜੀਆਂ ਜਾਣ ਤਾਂ ਜੋ ਦਫ਼ਤਰ ਵੱਲੋਂ ਕੁਟੇਸ਼ਨਾਂ ਨੂੰ ਆਸਾਨੀ ਨਾਲ ਵਿਚਾਰਿਆ ਜਾ ਸਕੇ।

ਨੋਟ:-

- ਕਾਲਜ ਹੋਸਟਲ (ਲੜਕਿਆਂ) ਦੀ ਬਿਲਡਿੰਗ ਵਿੱਚ ਬਿਜਲੀ ਨਾਲ ਸਬੰਧਿਤ ਹੋਣ ਵਾਲਾ ਕੰਮ ਅਤੇ ਬਿਜਲੀ ਦਾ ਮੰਗਵਾਉਣਯੋਗ ਸਮਾਨ ਦੇ ਜਾਇਜਾ ਲੈਣ ਲਈ ਕਿਸੇ ਵੀ ਕੰਮ ਵਾਲੇ ਦਿਨ ਦੇਖਿਆ ਜਾ ਸਕਦਾ ਹੈ।
- ਵਾਧੂ ਜਾਣਕਾਰੀ ਲਈ ਮੋਬਾਇਲ ਨੰ. 0175-2228303 ਤੇ ਸੰਪਰਕ ਕੀਤਾ ਜਾ ਸਕਦਾ ਹੈ।
- ਫਰਮ ਵੱਲੋਂ ਕੁਟੇਸ਼ਨ ਦੇਣ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਕੁਟੇਸ਼ਨ ਵਿੱਚ ਸਪਲਾਈ ਕੀਤੇ ਜਾਣ ਵਾਲੇ ਸਮਾਨ ਦਾ ਪੂਰਨ ਵੇਰਵਾ ਦਰਜ ਕੀਤਾ ਜਾਵੇ ਜਿਵੇ:- ਬ੍ਰੈਂਡ, ਮਾਡਲ, ਮੇਕ ਆਦਿ।
- ਸ਼ਰਤ ਵਾਲੀ ਕੁਟੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਸਮਾਨ ਦੀ ਮਾਤਰਾ ਨੂੰ ਸਮੇਂ ਦੀ ਲੋੜ ਮੁਤਾਬਿਕ ਘਟਾਇਆ/ਵਧਾਇਆ ਜਾ ਸਕਦਾ ਹੈ।
- ਨਿਮਨ ਹਸਤਾਖਰ ਨੂੰ ਕੋਈ ਵੀ ਜਾਂ ਸਾਰੀਆਂ ਕੁਟੇਸ਼ਨਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
- ਕੁਟੇਸ਼ਨਾਂ ਵਿੱਚ ਹਰੇਕ ਤਰ੍ਹਾਂ ਦੇ ਖਰਚਿਆਂ/Carriage ਚਾਰਜਿਸ/ਟੈਕਸ ਆਦਿ ਦਾ ਸੰਪੂਰਨ ਵੇਰਵਾ ਦਿੱਤਾ ਜਾਵੇ, ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਅਦਾਇਗੀ ਫਰਮ ਨੂੰ ਨਹੀਂ ਕੀਤੀ ਜਾਵੇਗੀ।
- ਫਰਮਾਂ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੋ ਰੇਟ ਉਸਨੇ Quote ਕੀਤਾ ਹੈ, ਉਸਤੋਂ ਘੱਟ ਰੇਟ ਤੇ ਉਕਤ ਸਮਾਨ ਹੋਰ ਕਿਸੇ ਅਦਾਰੇ ਵਿੱਚ ਸਪਲਾਈ ਨਹੀਂ ਕੀਤਾ ਜਾ ਰਿਹਾ ਹੈ।
- ਈ-ਮੇਲ ਰਾਹੀਂ ਪ੍ਰਾਪਤ ਹੋਈਆਂ ਕੁਟੇਸ਼ਨਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

ਪ੍ਰਿੰਸੀਪਲ

ਪਿੱਠ ਅੰਕਣ ਨੰ. PGSGCPE/2026/2082-2085

ਮਿਤੀ:- 01/09/26

ਉਪਰੋਕਤ ਦਾ ਉਤਾਰਾ:-

1. ਵਿੱਤ ਅਫਸਰ, ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ।
2. ਪਰਚੇਜ਼ ਕਮੇਟੀ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਪਟਿਆਲਾ।
3. ਮਿਸ. ਰਾਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਫਿਜੀਕਲ ਐਜੂਕੇਸ਼ਨ) (to upload on College's Website)
4. ਨੋਟਿਸ ਬੋਰਡ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਪਟਿਆਲਾ।

ਪ੍ਰਿੰਸੀਪਲ